ਨਸਲੀ ਬਰਾਬਰੀ ਨੂੰ ਉਤਸ਼ਾਹਿਤ ਕਰਨ 'ਤੇ
ਮੌਜੂਦਾ ਅਤੇ ਯੋਜਨਾਬੱਧ ਉਪਾਅ

ਹਾਈਵੇਅ ਵਿਭਾਗ

ਹਾਈਵੇਅ ਵਿਭਾਗ (HyD) ਦਾ ਉਦੇਸ਼ ਸੜਕ ਨੈਟਵਰਕ ਨੂੰ ਵਿਕਸਿਤ ਅਤੇ ਕਾਇਮ ਰੱਖਣਾ ਹੈ ਅਤੇ ਨਾਲ ਹੀ ਰੇਲਵੇ ਵਿਕਾਸ ਨੂੰ ਵਿਸ਼ਵ ਪੱਧਰੀ ਮਾਪਦੰਡਾਂ ਅਨੁਸਾਰ ਯੋਜਨਾਬੱਧ ਕਰਨਾ ਅਤੇ ਲਾਗੂ ਕਰਨਾ ਹੈ। HyD, ਸਰਵਜਨਕ ਮੈਂਬਰਾਂ ਨੂੰ ਉਹਨਾਂ ਦੀ ਜਾਤੀਗਤ ਪਿਛੋਕੜ ਦੀ ਪਰਵਾਹ ਕੀਤੇ ਬਿਨਾਂ, ਸੇਵਾਵਾਂ ਤੱਕ ਬਰਾਬਰ ਦੀ ਪਹੁੰਚ ਨੂੰ ਯਕੀਨੀ ਬਣਾਉਣ ਲਈ ਬਹੁੱਤ ਮਹੱਤਵ ਰੱਖਦਾ ਹੈ।

ਸੰਬੰਧਿਤ ਸੇਵਾਵਾਂ	● HyD ਦੁਆਰਾ ਦਿੱਤੀਆਂ ਜਾਂਦੀਆਂ ਸੇਵਾਵਾਂ ਦੇ ਮੁੱਖ ਖੇਤਰ ਸੜਕ ਨੈਟਵਰਕ ਦਾ ਵਿਸਥਾਰ ਅਤੇ ਸੁਧਾਰ ਕਰਨਾ, ਸੜਕ ਨੈਟਵਰਕ ਦੀ ਇਕਸਾਰਤਾ ਬਣਾਈ ਰੱਖਣਾ, ਤਕਨੀਕੀ ਸਹਾਇਤਾ ਪ੍ਰਦਾਨ ਕਰਨਾ ਅਤੇ ਸੜਕ ਨੈਟਵਰਕ ਦੀ ਉਸਾਰੀ ਅਤੇ ਰੱਖ ਰਖਾਵ ਲਈ ਮਾਪਦੰਡ ਨਿਰਧਾਰਿਤ ਕਰਨਾ, ਅਤੇ ਰੇਲਵੇ ਵਿਕਾਸ ਰਣਨੀਤੀ ਨੂੰ ਲਾਗੂ ਕਰਨਾ ਅਤੇ ਰੇਲਵੇ ਨੈਟਵਰਕ ਦੇ ਹੋਰ ਵਿਕਾਸ ਲਈ ਯੋਜਨਾਵਾਂ ਤਿਆਰ ਕਰਨਾ ਸ਼ਾਮਿਲ ਹਨ।
ਮੌਜੂਦਾ ਉਪਾਅ	● HyD ਅਤੇ ਸਾਡੀਆਂ ਸੇਵਾਵਾਂ ਬਾਰੇ ਜਾਣਕਾਰੀ HyD ਦੀ ਵੈਬਸਾਈਟ ਤੇ ਹਾਂਗਕਾਂਗ ਦੀਆਂ ਦੋ ਸਰਕਾਰੀ ਭਾਸ਼ਾਵਾਂ (ਭਾਵ ਚੀਨੀ ਅਤੇ ਅੰਗਰੇਜ਼ੀ) ਵਿੱਚ ਉਪਲੱਬਧ ਹੈ। ਇਸ ਤੋਂ ਇਲਾਵਾ, ਆਮ ਲੋਕਾਂ ਲਈ ਦੋਵਾਂ ਸਰਕਾਰੀ ਭਾਸ਼ਾਵਾਂ ਵਿੱਚ ਜਾਣਕਾਰੀ ਭਰਪੂਰ ਅਤੇ ਵਿੱਦਿਅਕ ਪਰਚੇ/ਕਿਤਾਬਚੇ ਪ੍ਰਕਾਸ਼ਿਤ ਕੀਤੇ ਜਾਂਦੇ ਹਨ।
ਭਵਿੱਖ ਦੇ ਕੰਮ ਦਾ ਮੁਲਾਂਕਣ	● ਵੱਖ-ਵੱਖ ਜਾਤੀ ਦੇ ਸੇਵਾ ਉਪਭੋਗਤਾਵਾਂ ਦੇ ਫੀਡਬੈਕ/ਸੁਝਾਅ ਰਿਕਾਰਡ ਕੀਤੇ ਜਾਣਗੇ ਅਤੇ ਵਿਚਾਰੇ ਜਾਣਗੇ।
ਕੀਤੇ ਗਏ ਅਤੇ ਕੀਤੇ ਜਾਣ ਵਾਲੇ ਵਾਧੂ ਉਪਾਅ	● HyD ਵੱਖ-ਵੱਖ ਜਾਤੀਆਂ ਦੇ ਲੋਕਾਂ ਲਈ ਭਾਸ਼ਾਵਾਂ ਵਿੱਚ ਅਨੁਵਾਦ ਕਰਨ ਅਤੇ ਲੋੜੀਂਦੇ ਅਧਾਰ 'ਤੇ HyD ਦੀ ਵੈਬਸਾਈਟ 'ਤੇ ਅੱਪਲੋਡ ਕਰਨ ਲਈ ਢੁਕਵੇਂ ਪਰਚੇ/ਕਿਤਾਬਚੇ ਦੀ ਪਹਿਚਾਣ ਕਰੇਗਾ।

- HyD ਰਿਸੈਪਸ਼ਨ ਕਾਊਂਟਰ 'ਤੇ ਮੁਫਤ ਟੈਲੀਫੋਨ ਵਿਆਖਿਆ ਅਤੇ ਪੁੱਛਗਿੱਛ ਸੇਵਾ (TELIS) ਨੂੰ ਜਾਤੀ ਦੀ ਘੱਟ ਗਿਣਤੀ ਦੇ ਵਸਨੀਕਾਂ ਦੀ ਏਕਤਾ ਅਤੇ ਸੁਧਾਰ ਲਈ ਸੈਂਟਰ (CHEER) ਦੁਆਰਾ ਵੱਖ-ਵੱਖ ਜਾਤੀ ਦੀਆਂ ਅੱਠ ਭਾਸ਼ਾਵਾਂ ਭਾਵ ਬਹਾਸਾ ਇੰਡੋਨੇਸ਼ੀਆ, ਹਿੰਦੀ, ਨੇਪਾਲੀ, ਪੰਜਾਬੀ, ਉਰਦੂ, ਤਾਗਾਲੋਗ, ਥਾਈ ਅਤੇ ਵੀਅਤਨਾਮੀ ਵਿੱਚ ਮੁਹੱਈਆ ਕਰਵਾਏਗਾ। ਹੋਰ ਭਾਸ਼ਾ ਸੇਵਾਵਾਂ ਦੀ ਵਰਤੋਂ ਲੋੜ ਦੇ ਅਧਾਰ 'ਤੇ ਕੀਤੀ ਜਾਏਗੀ।

- ਲੋਕਾਂ ਨੂੰ ਇਸ ਭਾਸ਼ਾ ਵਿੱਚ ਸੇਵਾ ਦੀ ਉਪਲੱਬਧਤਾ ਤੋਂ ਜਾਣੂ ਕਰਵਾਉਣ ਲਈ ਰਿਸੈਪਸ਼ਨ ਕਾਊਂਟਰਾਂ 'ਤੇ ਮੁਫਤ TELIS (CHEER ਦੁਆਰਾ ਪੇਸ਼ ਕੀਤੀ ਗਈ) ਦੇ ਪ੍ਰਚਾਰ ਲਈ ਪੋਸਟਰ ਪ੍ਰਦਰਸ਼ਤ ਕੀਤੇ ਜਾਣਗੇ।

- HyD ਨਸਲੀ ਬਰਾਬਰੀ ਪ੍ਰਤੀ ਉਹਨਾਂ ਦੀ ਸਮਝ ਅਤੇ ਸੰਵੇਦਨਸ਼ੀਲਤਾ ਨੂੰ ਵਧਾਉਣ ਲਈ ਉਚਿਤ ਤੌਰ 'ਤੇ ਸ਼ਾਮਿਲ ਹੋਣ ਵਾਲੇ ਸਟਾਫ ਦਾ ਪ੍ਰਬੰਧ ਕਰੇਗਾ।

ਨਸਲੀ ਬਰਾਬਰੀ ਨੂੰ ਉਤਸ਼ਾਹਿਤ ਕਰਨ ਦੇ ਮੌਜੂਦਾ ਅਤੇ ਯੋਜਨਾਬੱਧ ਉਪਾਅਂ ਬਾਰੇ ਪੁੱਛਿਗੱਛ ਲਈ, ਕ੍ਰਿਪਾ ਕਰਕੇ ਹੇਠ ਦਿੱਤੇ ਚੈਨਲਾਂ ਦੁਆਰ Assistant Departmental Secretary/Administration ਨਾਲ ਸੰਪਰਕ ਕਰੋ -

ਟੈਲੀਫੋਨ ਨੰ.	:	2762 3329
ਫੈਕਸ ਨੰ.	:	2714 5216
ਈ - ਮੇਲ	:	enquiry@hyd.gov.hk
ਡਾਕ ਪਤਾ	:	5/F, Ho Man Tin Government Offices, 88 Chung Hau Street, Ho Man Tin, Kowloon

ਹਾਈਵੇਅ ਵਿਭਾਗ

ਜੂਨ 2026